Employment Development Department
State of California

# ਪੇਡ ਫ਼ੈਮਿਲੀ ਲੀਵ (PFL) ਲਾਭਾਂ ਲਈ ਕਲੇਮ ਫਾਰਮ ਭਰਨ ਬਾਰੇ ਗਾਇਡ

ਰਾਜ ਅਪਾਹਜਪਣ ਬੀਮਾ (SDI), PFL ਦੇ ਕਲੇਮ ਫਾਇਲ ਕਰਨ ਲਈ ਸੁਰੱਖਿਅਤ ਅਤੇ ਅਸਾਨ ਔਨਲਾਈਨ ਵਿਕਲਪ ਪੇਸ਼ ਕਰਦਾ ਹੈ। ਤੇਜ਼ ਕਾਰਵਾਈ ਲਈ, ਆਪਣਾ ਕਲੇਮ ਫਾਰਮ ਅਤੇ ਦਸਤਾਵੇਜ SDI ਔਨਲਾਈਨ ਤੇ **www.edd.ca.gov/disability** 'ਤੇ ਜਮਾ ਕਰਵਾਓ।

ਕਾਗਜ਼ੀ ਅਰਜੀ ਦੁਆਰਾ ਕਲੇਮ ਫਾਇਲ ਕਰਨ ਵਿੱਚ ਹੋਣ ਵਾਲੀ ਦੇਰੀ ਤੋਂ ਬਚਣ ਲਈ, ਕਿਰਪਾ ਕਰਕੇ ਹੇਠਾਂ ਦਿੱਤੀਆਂ ਸਧਾਰਣ ਗਾਇਡਲਾਇਨਾਂ ਦੀ ਪਾਲਣਾ ਕਰੋ। ਕਲੇਮ ਤੇ ਕਾਰਵਾਈ ਕਰਨ ਲਈ ਉਪਯੁਕਤ ਸਮਾਂ ਦਿਓ (ਆਮਤੌਰ ਤੇ ਦੋ ਹਫ਼ਤੇ)। ਪੂਰੀ ਜਾਣਕਾਰੀ ਲਈ, *Claim for Paid Family Leave (PFL) Benefits,* DE 2501F, (ਪੇਡ ਫ਼ੈਮਿਲੀ ਲੀਵ (PFL) ਲਾਭਾਂ ਲਈ ਕਲੇਮ), ਦੇ ਨਾਲ ਪ੍ਰਦਾਨ ਕੀਤੀ ਗਈ ਪੀਲੀ ਨਿਰਦੇਸ਼ ਅਤੇ ਜਾਣਕਾਰੀ ਸ਼ੀਟ ਪੜ੍ਹੋ, ਜਾਂ PFL ਦਫ਼ਤਰ ਦੇ ਨਾਲ 1-877-238-4373 'ਤੇ ਸੰਪਰਕ ਕਰੋ ਜਾਂ Ask EDD ਦੀ ਵਰਤੋਂ ਕਰਕੇ ਇੱਕ ਔਨਲਾਈਨ ਮੈਸੇਜ ਭੇਜਣ ਲਈ EDD ਦੀ ਵੈਬਸਾਈਟ **https://asked.edd.ca.gov** 'ਤੇ ਜਾਓ।

| | |
|---|---|
| ਕਲੇਮ ਦੀ ਕਿਸਮ | ਜੇ ਕਿਸੇ ਵਰਕਰ ਨੂੰ ਪਰਿਵਾਰ ਦੇ ਕਿਸੇ ਬਹੁਤ ਬੀਮਾਰ ਜੀਅ ਦੀ ਦੇਖਭਾਲ ਕਰਨ ਲਈ ਜਾ ਨਵਜਾਤ ਬੱਚੇ ਨਾਲ ਬਾਂਡਿੰਗ ਲਈ ਕੰਮ ਤੋਂ ਛੁੱਟੀ ਲੈਣ ਦੀ ਜਰੂਰਤ ਹੋਵੇ, ਤਾਂ **PFL** ਯੋਗ ਵਰਕਰਾਂ ਨੂੰ ਇਹ ਲਾਭ ਪ੍ਰਦਾਨ ਕਰਦਾ ਹੈ**।** ਇੱਕੋ ਕਲੇਮ ਫਾਰਮ ਵਿੱਚ ਜਾਂ ਇੱਕੋ ਸਮੇਂ ਦੀ ਮਿਆਦ ਲਈ, ਬਾਂਡਿੰਗ ਅਤੇ ਦੇਖਭਾਲ ਲਈ ਕਲੇਮ ਫਾਇਲ ਨਾ ਕਰੋ**।** |

**ਇੱਕ ਅਪਾਹਜਤਾ ਬੀਮੇ (DI) ਗਰਭ – ਸਬੰਧਤ ਦਾਅਵੇ ਤੋਂ ਬਾਅਦ ਇੱਕ ਨਵਜਾਤ ਬੱਚੇ ਦੇ ਨਾਲ ਬਾਂਡਿੰਗ**

ਨਵਜਾਤ ਬੱਚਿਆਂ ਦੀ ਮਾਂਵਾਂ ਲਈ ਜਿਨ੍ਹਾਂ ਨੇ **PFL** ਲਾਭਾਂ ਲਈ ਫਾਇਲ ਕਰਨ ਤੋਂ ਪਹਿਲਾਂ, ਗਰਭਾਵਸਥਾ-ਸਬੰਧਤ ਡਿਸਏਬਿਲਿਟੀ ਇੰਨਸ਼ੋਰੈਂਸ ਲਾਭ ਪ੍ਰਾਪਤ ਕੀਤੇ ਹਨ।

- *Claim for Paid Family Leave (PFL) Benefits - New Mother,* DE 2501FP, (ਪੇਡ ਫ਼ੈਮਿਲੀ ਲੀਵ (PFL) ਲਾਭਾਂ ਲਈ ਕਲੇਮ - ਨਵੀਂ ਮਾਂ), ਆਪਣੇ ਆਪ ਹੀ ਤੁਹਾਡਾ ਅੰਤਮ ਭੁਗਤਾਨ ਜਾਰੀ ਕਰਨ ਤੋਂ ਬਾਅਦ, ਤੁਹਾਡੇ DI ਦਾਅਵੇ ਦੇ ਖਤਮ ਹੋਣ ਦੇ ਵੇਲੇ ਇੱਕ ਵੱਖਰੇ ਲਿਫ਼ਾਫੇ ਵਿੱਚ ਤੁਹਾਨੂੰ ਮੇਲ ਕਰ ਦਿੱਤਾ ਜਾਵਗਾ।
- ਆਪਣੇ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਰਿਕਵਰ ਹੋਣ ਤੇ, *Claim for Paid Family Leave (PFL) Benefits - New Mother,* DE 2501FP, (ਪੇਡ ਫ਼ੈਮਿਲੀ ਲੀਵ (PFL) ਲਾਭਾਂ ਲਈ ਕਲੇਮ- ਨਵੀਂ ਮਾਂ), ਦਾਇਰ ਕਰੋ।
- *Claim for Paid Family Leave (PFL) Benefits - New Mother,* DE 2501FP, (ਪੇਡ ਫ਼ੈਮਿਲੀ ਲੀਵ (PFL) ਲਾਭਾਂ ਲਈ ਕਲੇਮ - ਨਵੀਂ ਮਾਂ), ਦੇ ਸਾਰੇ ਭਾਗ ਪੂਰੇ ਕਰੋ, ਅਤੇ ਜਿਸ ਦਿਨ ਤੋਂ ਤੁਸੀਂ ਆਪਣੇ ਬਾਂਡਿੰਗ ਕਲੇਮ ਦੀ ਸ਼ੁਰੂਆਤ ਕਰਨਾ ਚਾਹੁੰਦੇ ਹੋ, ਉਸ ਤੋਂ 41 ਦਿਨਾਂ ਤੋਂ ਪਹਿਲਾਂ-ਪਹਿਲਾਂ ਇਸਨੂੰ ਭੇਜ ਦਿਓ ਜਾਂ ਤੁਸੀਂ SDI ਔਨਲਾਈਨ ਦਾ ਇਸਤੇਮਾਲ ਕਰਕੇ ਦਰਜ ਕਰਵਾ ਸਕਦੇ ਹੋ।
- ਜੇ ਤੁਹਾਨੂੰ ਇਹ ਫ਼ਾਰਮ ਪ੍ਰਾਪਤ ਨਹੀਂ ਹੁੰਦਾ, DI ਨੂੰ 1-800-480-3287 ਜਾਂ PFL 1-877-238-4373 'ਤੇ ਕਾਲ ਕਰੋ, ਜਾਂ Ask EDD ਦੀ ਵਰਤੋਂ ਕਰਕੇ ਇੱਕ ਔਨਲਾਈਨ ਮੈਸਜ ਭੇਜਣ ਲਈ EDD ਦੀ ਵੈਬਸਾਈਟ **https:// asked.edd.ca.gov** 'ਤੇ ਜਾਓ।

**ਨਵਜਾਤ ਬੱਚੇ ਨਾਲ ਬਾਂਡਿੰਗ:**

ਗਰਭਾਵਸਥਾ-ਸਬੰਧਤ ਡਿਸਏਬਿਲਿਟੀ ਦਾਅਵੇ ਤੋਂ ***ਬਗੈਰ*** ਨਵੀਂਆਂ ਮਾਂਵਾਂ, ਨਵੇਂ ਪਿਤਾ, ਰਜਿਸਟਰਡ ਘਰੇਲੂ ਸਾਂਝੀਦਾਰ, ਜਾਂ ਫੋਸਟਰ ਕੇਅਰ ਜਾਂ ਗੋਦ ਲੈਣ ਵਾਲੇ ਮਾਤਾ-ਪਿਤਾ ਲਈ**।**

- *Claim for Paid Family Leave (PFL) Benefits,* DE 2501F, (ਪੇਡ ਫ਼ੈਮਿਲੀ ਲੀਵ (PFL) ਲਾਭਾਂ ਲਈ ਕਲੇਮ), ਭਰੋ, ਅਰਜੀ ਦੇ ਪਹਿਲੇ ਪੰਨੇ ਤੇ ਭਾਗ A ਅਤੇ ਤੀਜੇ ਪੰਨੇ ਤੇ ਭਾਗ B ਨੂੰ ਪੂਰਾ ਭਰਕੇ ਹਸਤਾਖਰ ਕਰੋ, ਅਤੇ ਜਿਸ ਦਿਨ ਤੋਂ ਤੁਸੀਂ ਆਪਣੇ ਬਾਂਡਿੰਗ ਕਲੇਮ ਦੀ ਸ਼ੁਰੂਆਤ ਕਰਨਾ ਚਾਹੁੰਦੇ ਹੋ, ਉਸ ਤੋਂ 49 ਦਿਨਾਂ ਤੋਂ ਪਹਿਲਾਂ-ਪਹਿਲਾਂ ਇਸਨੂੰ ਭੇਜ ਦਿਓ।
- ਜਿਸ ਬੱਚੇ ਦੇ ਨਾਲ ਤੁਸੀਂ ਬਾਂਡ ਸਥਾਪਤ ਕਰਨਾ ਚਾਹੁੰਦੇ ਹੋ ਉਸ ਨਾਲ ਤੁਹਾਡੇ ਸੰਬੰਧ ਬਾਰੇ ਦਸਤਾਵੇਜ਼ੀ ਪ੍ਰਮਾਣ ਨਾਲ ਨੱਥੀ ਕਰੋ।
  - ਜਨਮ ਦੇ ਪ੍ਰਮਾਣ-ਪਤੱਰ ਵਿੱਚ ਬੱਚੇ ਦਾ ਨਾਂ, ਜਨਮ ਦੀ ਮਿਤੀ, ਲਿੰਗ, ਅਤੇ ਲਾਭਾਂ ਲਈ ਦਾਅਵਾ ਕਰ ਰਹੇ ਮਾਤਾ/ਪਿਤਾ ਦਾ ਨਾਮ ਸਪਸ਼ਟ ਰੂਪ ਵਿੱਚ ਦਰਸਾਇਆ ਗਿਆ ਹੋਣਾ ਜ਼ਰੂਰੀ ਹੈ।
  - ਫੋਸਟਰ ਕੇਅਰ ਜਾਂ ਗੋਦ ਲੈਣ ਦੀ ਨਵੀਂ ਪਲੇਸਮੈਂਟ ਦੇ ਦਸਤਾਵੇਜ ਨੱਥੀ ਕਰਨੇ ਲਾਜ਼ਮੀ ਹਨ, ਜਿਸ ਵਿੱਚ ਬੱਚੇ ਨੂੰ ਤੁਹਾਨੂੰ ਸੌਂਪਣ ਦੀ ਮਿਤੀ ਦੀ ਤਸਦੀਕ ਕੀਤੀ ਗਈ ਹੋਵੇ।
- ਬਾਂਡਿੰਗ ਲਾਭਾਂ ਦੇ ਭੁਗਤਾਨ ਬੱਚੇ ਦੇ ਜਨਮ ਜਾਂ ਪਲੇਸਮੈਂਟ ਤੋਂ ਇੱਕ ਸਾਲ ਦੇ ਵਿਚਕਾਰ ਕੀਤੇ ਜਾ ਸਕਦੇ ਹਨ।

**ਦੇਖਭਾਲ**

ਕਿਸੇ ਗੰਭੀਰ ਰੂਪ ਵਿੱਚ ਬਿਮਾਰ ਬੱਚੇ, ਮਾਪੇ, ਸੌਹਰੇ, ਦਾਦਾ ਦਾਦੀ, ਪੋਤੇ ਪੋਤੀ, ਭਰਾ-ਭੈਣ, ਜੀਵਨ ਸਾਥੀ ਜਾਂ ਰਜਿਸਟਰਡ ਘਰੇਲੂ ਸਾਂਝੀਦਾਰ ਦੀ ਦੇਖਭਾਲ ਕਰਨ ਲਈ**।**

- *Claim for Paid Family Leave (PFL) Benefits,* DE 2501F, (ਪੇਡ ਫ਼ੈਮਿਲੀ ਲੀਵ (PFL) ਲਾਭਾਂ ਲਈ ਕਲੇਮ), ਨੂੰ ਜਮਾ ਕਰੋ।
  - ਪਹਿਲੇ ਪੰਨੇ ਤੇ ਭਾਗ A ਪੂਰਾ ਭਰੋ ਅਤੇ ਹਸਤਾਖਰ ਕਰੋ।
  - ਦੇਖਭਾਲ ਪ੍ਰਾਪਤ ਕਰਨ ਵਾਲੇ ਲਈ ਦੂਜਾ ਪੰਨਾ ਅਤੇ ਤੀਜੇ ਪੰਨੇ ਦਾ ਭਾਗ C ਪੂਰਾ ਭਰ ਕੇ ਹਸਤਾਖਰ ਕਰਨਾ ਜ਼ਰੂਰੀ ਹੈ।
  - ਦੇਖਭਾਲ ਪ੍ਰਾਪਤ ਕਰਨ ਵਾਲੇ ਦੇ ਡਾਕਟਰ/ਪ੍ਰੈਕਟਿਸ਼ਨਰ ਦੁਆਰਾ ਚੌਥੇ ਪੰਨੇ ਦਾ ਭਾਗ D ਪੂਰਾ ਭਰਨਾ ਅਤੇ ਹਸਤਾਖਰ ਕਰਨਾ ਜ਼ਰੂਰੀ ਹੈ।

- ਜੇ ਦੇਖਭਾਲ ਪ੍ਰਾਪਤ ਕਰਨ ਵਾਲਾ ਵਿਅਕਤੀ ਆਪਣੀ ਅਪੰਗਤਾ ਦੇ ਕਾਰਨ, ਫਾਰਮ ਪੂਰਾ ਨਹੀਂ ਭਰ ਸਕਦਾ ਅਤੇ ਦੂਜੇ ਪੰਨਾ ਅਤੇ ਤੀਜੇ ਪੰਨੇ ਦੇ ਭਾਗ C ਤੇ ਹਸਤਾਖਰ ਨਹੀਂ ਕਰ ਸਕਦਾ, ਜਾਂ ਜੇਕਰ ਤੁਸੀਂ ਕਿਸੇ ਅਪਾਹਜ ਜਾਂ ਮਰਹੂਮ ਦਾਅਵੇਦਾਰ ਦੇ ਇੱਕ ਮਨਜ਼ੂਰੀ ਪ੍ਰਾਪਤ ਨੁਮਾਇੰਦੇ ਦੇ ਤੌਰ ਤੇ ਫਾਇਲ ਕਰ ਰਹੇ ਹੋ, ਤਾਂ ਕਲੇਮ ਦਾਇਰ ਕਰਨ ਤੋਂ ਪਹਿਲਾਂ ਨਿਰਦੇਸ਼ਾਂ ਅਤੇ ਜ਼ਰੂਰੀ ਫਾਰਮਾਂ ਲਈ 1-877-238-4373 'ਤੇ ਕਾਲ ਕਰੋ ਜਾਂ Ask EDD ਦੀ ਵਰਤੋਂ ਕਰਕੇ ਇੱਕ ਔਨਲਾਈਨ ਮੈਸੇਜ ਭੇਜਣ ਲਈ EDD ਦੀ ਵੈਬਸਾਈਟ **https:// asked.edd.ca.gov** 'ਤੇ ਜਾਓ।

**ਅੰਸ਼ਕ ਲਾਭ**

**ਜੇ ਤੁਸੀਂ ਆਪਣੇ ਕੰਮ ਦਾ ਨੇਮ ਘਟਾਇਆ ਹੈ ਅਤੇ ਤੁਹਾਡੀ ਤਨਖਾਹ ਵਿੱਚ ਕਟੌਤੀ ਹੋਈ ਹੈ।**

- ਜੇ ਤੁਸੀਂ ਆਪਣੀ ਫ਼ੈਮਿਲੀ ਕੇਅਰ ਲੀਵ ਦੇ ਦੌਰਾਨ ਕੰਮ ਕਰਨਾ ਜਾਰੀ ਰਖਦੇ ਹੋ, ਤਾਂ ਕਿਰਪਾ ਕਰਕੇ *Claim for Paid Family Leave (PFL) Benefits,* DE 2501F, (ਪੇਡ ਫ਼ੈਮਿਲੀ ਲੀਵ (PFL) ਲਾਭਾਂ ਲਈ ਕਲੇਮ), ਸਵਾਲ A13 ਜਾਂ *Claim for Paid Family Leave (PFL) Benefits - New Mother,* DE 2501FP, (ਪੇਡ ਫ਼ੈਮਿਲੀ ਲੀਵ (PFL) ਲਾਭਾਂ ਲਈ ਕਲੇਮ - ਨਵੀਂ ਮਾਂ), ਸਵਾਲ 6 ਵਿੱਚ "ਹਾਂ" ਦੀ ਚੋਣ ਕਰੋ।
- ਜੇ ਤੁਸੀਂ ਪਾਰਟ-ਟਾਈਮ ਕੰਮ ਕਰੋਗੇ ਜਾਂ ਵਾਰ-ਵਾਰ ਛੁੱਟੀ ਲੈਣੀ ਹੈ, ਤਾਂ ਇੱਕ ਵੱਖਰਾ ਪੱਤਰ ਨੱਥੀ ਕਰੋ। ਤੁਹਾਡਾ ਸੋਸ਼ਲ ਸਿਕਿਓਰਿਟੀ ਨੰਬਰ, ਨਾਂ, ਪਤਾ, ਫੋਨ ਨੰਬਰ, ਨੇਮਤ ਕੰਮ ਕਰਨ ਦੇ ਘੰਟੇ, ਭੁਗਤਾਨ ਦੀ ਦਰ, ਅਤੇ ਤੁਹਾਡੀ ਕਿੰਨਾਂ ਸਮਾਂ ਕੰਮ ਤੇ ਨਾ ਜਾਣ ਦੀ ਯੋਜਨਾ ਹੈ, ਇਹ ਸਾਰੀ ਜਾਣਕਾਰੀ ਜ਼ਰੂਰ ਸ਼ਾਮਲ ਕਰੋ।

**ਤੁਹਾਡੇ ਰੋਜ਼ਗਾਰਦਾਤਾ ਵੱਲੋਂ ਤਨਖਾਹ**

**ਜੇਕਰ ਤੁਹਾਡੇ ਕਲੇਮ ਦੇ ਦੌਰਾਨ ਤੁਹਾਡਾ ਰੋਜ਼ਗਾਰਦਾਤਾ ਤੁਹਾਨੂੰ ਤਨਖਾਹ ਦਾ ਭੁਗਤਾਨ ਕਰਦਾ ਹੈ।**

- ਜੇਕਰ ਤੁਹਾਡਾ ਰੋਜ਼ਗਾਰਦਾਤਾ ਤੁਹਾਨੂੰ PFL ਲਾਭਾਂ ਅਤੇ ਪੂਰੀ ਤਨਖਾਹ ਦੇ ਵਿੱਚ ਦੇ ਅੰਤਰ ਦਾ ਭੁਗਤਾਨ ਕਰਦਾ ਹੈ, ਤਾਂ *Claim for Paid Family Leave (PFL) Benefits,* DE 2501F, (ਪੇਡ ਫ਼ੈਮਿਲੀ ਲੀਵ (PFL) ਲਾਭਾਂ ਲਈ ਕਲੇਮ), ਦੇ ਸਵਾਲ A21 ਜਾਂ *Claim for Paid Family Leave (PFL) Benefits - New Mother,* DE 2501FP, (ਪੇਡ ਫ਼ੈਮਿਲੀ ਲੀਵ (PFL) ਲਾਭਾਂ ਲਈ ਕਲੇਮ - ਨਵੀਂ ਮਾਂ), ਦੇ ਸਵਾਲ 6 ਵਿੱਚ "INTEGRATE" ਲਿਖੋ।

**ਤੁਹਾਡੀ ਜਿੰਮੇਵਾਰੀਆਂ**

**ਆਪਣਾ ਕਲੇਮ ਅਤੇ ਹੋਰ ਸਾਰੇ ਜ਼ਰੂਰੀ ਫਾਰਮ ਪੂਰੇ ਅਤੇ ਠੀਕ ਤਰਾਂ ਭਰ ਕੇ, ਸਮੇਂ ਸਿਰ ਜਮਾਂ ਕਰਵਾਓ।**

- ਸਿਰਫ ਕਾਲੀ ਸਿਆਹੀ ਦੀ ਹੀ ਵਰਤੋਂ ਕਰੋ।
- ਤਿੰਨ-ਪੰਨਿਆਂ ਦੇ ਕਲੇਮ ਫਾਰਮ ਨੂੰ ਵੱਖ-ਵੱਖ ਨਾਂ ਕਰੋ ਅਤੇ ਕਲੇਮ ਫਾਰਮ ਦੇ ਸਾਰੇ ਹਿੱਸਿਆਂ ਨੂੰ ਇਕੱਠੇ ਜਮਾ ਕਰਾਓ।
- ਬਾਂਡਿੰਗ ਜਾਂ ਕੇਅਰਗਿਵਿੰਗ (caregiving) ਦੀ ਸ਼ੁਰੂਆਤ ਕਰਨ ਵੇਲੇ, ਆਪਣਾ ਕਲੇਮ ਫਾਰਮ ਜਮਾ ਕਰਵਾਓ। EDD ਭਵਿੱਖ ਦੀਆਂ ਤਾਰੀਖਾਂ ਤੋਂ ਸ਼ੁਰੂ ਹੋਣ ਵਾਲੇ ਕਲੇਮਾਂ ਤੇ ਕਾਰਵਾਈ ਕਰਨ ਵਿੱਚ ਅਸਮਰਥ ਹੈ।
- ਜੇ ਤੁਸੀਂ ਕਲੇਮ ਫਾਰਮ ਦੇਰੀ ਨਾਲ ਜਮਾ ਕਰਵਾ ਰਹੇ ਹੋ, ਤਾਂ ਅਯੋਗਤਾ ਤੋਂ ਬੱਚਣ ਲਈ ਦੇਰੀ ਦੇ ਕਾਰਨ(ਨਾਂ) ਦਾ ਇੱਕ ਲਿਖਤੀ ਸਪਸ਼ਟੀਕਰਨ ਨਾਲ ਲਗਾਓ। ਇਹ ਪਤਾ ਲਗਾਉਣ ਲਈ ਕਿ ਤੁਹਾਡੇ ਕੋਲ ਜਮਾ ਕਰਾਉਣ ਲਈ ਕਿੰਨਾਂ ਸਮਾਂ ਹੈ, ਕਲੇਮ ਦੀ ਕਿਸਮ ਦੇਖੋ।
- ਆਪਣੇ ਕਲੇਮ ਫਾਰਮ ਨੂੰ ਪਹਿਲਾਂ ਤੋਂ ਪਤਾ ਲਿਖੇ ਹੋਏ ਲਿਫਾਫੇ ਵਿੱਚ ਭੇਜੋ। ਜੇ ਤੁਹਾਡੇ ਕੋਲ ਕਲੇਮ ਦੇ ਨਾਲ ਪ੍ਰਦਾਨ ਕੀਤਾ ਗਿਆ ਪਹਿਲਾਂ ਤੋਂ ਪਤਾ ਲਿੱਖਿਆ ਲਿਫਾਫਾ ਨਹੀਂ ਹੈ ਤਾਂ ਆਪਣਾ ਕਲੇਮ ਅਤੇ ਚਿੱਠੀ-ਪੱਤਰੀ ਇਸ ਪਤੇ ਤੇ ਭੇਜੋ। EDD-Paid Family Leave, PO Box 989315, West Sacramento, CA 95798-9315.

**PFL ਟੌਲ-ਫ਼੍ਰੀ ਨੰਬਰ**

| | |
|---|---|
| ਅੰਗਰੇਜ਼ੀ | **1-877-238-4373** |
| ਸਪੈਨਿਸ਼ | **1-877-379-3819** |
| ਕੈਂਟੋਨੀਸ | **1-866-692-5595** |
| ਵਿਅਤਨਾਮੀ | **1-866-692-5596** |
| ਅਰਮੀਨਿਅਨ | **1-866-627-1567** |
| ਪੰਜਾਬੀ | **1-866-627-1568** |
| ਟੈਗਾਲੋਗ | **1-866-627-1569** |

ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਵੇਬਸਾਈਟ **www.edd.ca.gov/disability** 'ਤੇ ਜਾਓ।

EDD ਸਮਾਨ ਮੌਕੇ ਦੇਣ ਵਾਲਾ ਰੁਜ਼ਗਾਰਦਾਤਾ/ਪ੍ਰੋਗਰਾਮ ਹੈ। ਬੇਨਤੀ ਕਰਨ ਤੇ ਅਸਮਰੱਥ ਲੋਕਾਂ ਲਈ ਵਾਧੂ ਸਹਾਇਤਾ ਅਤੇ ਸੇਵਾਵਾਂ ਉਪਲਬਧ ਹਨ। ਸੇਵਾਵਾਂ, ਸਹਾਇਤਾ, ਅਤੇ/ਜਾਂ ਵਟਾਵੇਂ ਫਾਰਮੈਟ ਲਈ ਬੇਨਤੀਆਂ 1-866-490-8879 (ਵਾਇਸ) 'ਤੇ ਕਾਲ ਕਰਕੇ ਜਾਂ 711 ਤੇ ਕੈਲੀਫੋਰਨੀਆ ਰਿਲੇ ਸੇਵਾ ਰਾਹੀਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਇਹ ਦਿਸ਼ਾ ਨਿਰਦੇਸ਼ ਸਿਰਫ਼ ਆਮ ਜਾਣਕਾਰੀ ਦੇਣ ਲਈ ਹਨ ਅਤੇ ਇਨਾਂ ਵਿੱਚ ਕਨੂੰਨ, ਨਿਯਮ ਜਾਂ ਕਾਇਦੇ ਦੀ ਤਾਕਤ ਜਾਂ ਪ੍ਰਭਾਵ ਨਹੀਂ ਹੈ।